## ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ ) ਬਠਿੰਡਾ

ਵੱਲ,

ਸਮੂਹ ਪ੍ਰਿੰਸੀਪਲ/ ਸਕੂਲ ਮੁੱਖੀ
ਸਰਕਾਰੀ /ਪ੍ਰਾਇਵੇਟ/ਏਡਿਡ ਸਕੂਲ
ਜਿਲ੍ਹਾ ਬਠਿੰਡਾ।
ਪੱਤਰ ਨੰ:- ਲ-6/2025/੫੭੫੪
ਮਿਤੀ:- ਬਠਿੰਡਾ -14-08-2025

ਅਤਿ ਜਰੂਰੀ/ਸਮਾਂ ਬੱਧ
ਮਿਤੀ 15-09-2025

ਵਿਸ਼ਾ:- **ਇੰਸਪਾਇਰ ਅਵਾਰਡ ਸਾਲ 2025-26 ਲਈ ਵਿਦਿਆਰਥੀਆਂ ਦੀ ਰਜਿਸਟ੍ਰੇਸ਼ਨ ਮਿਤੀ ਦੇ ਵਾਧੇ ਸਬੰਧੀ।**

ਉਪਰੋਕਤ ਅੰਕਿਤ ਵਿਸ਼ੇ ਸਬੰਧੀ ਸਮੂਹ ਪ੍ਰਿਸੀਪਲਜ/ਸਮੂਹ ਸਕੂਲ ਮੁੱਖੀਆ ਨੂੰ ਲਿਖਿਆਂ ਜਾਂਦਾ ਹੈ ਕਿ **ਇੰਸਪਾਇਰ ਅਵਾਰਡ ਸਾਲ 2025-26** ਲਈ ਵਿਦਿਆਰਥੀਆਂ ਦੀ ਰਜਿਸਟ੍ਰੇਸ਼ਨ ਮਿਤੀ 15-09-2025 **ਤੱਕ ਵਧਾ ਦਿੱਤੀ ਗਈ ਹੈ।** ਹੁਣ ਤੱਕ ਜਿਹਤੇ ਸਕੂਲਾਂ ਵੱਲੋ ਵਿਦਿਆਰਥੀਆਂ ਦੀ ਰਜਿਸ਼ਟ੍ਰੇਸ਼ਨ ਨਹੀ ਕੀਤੀ ਗਈ ਹੈ, ਉਹ ਪੋਰਟਲ ਦੀ ਸੁਵਿਧਾ ਨੂੰ ਧਿਆਨ ਹਿੱਤ ਰੱਖਦਿਆਂ **ਸਕੂਲ ਮੁੱਖੀ ਸਾਇੰਸ/ਮੈਥ ਅਧਿਆਪਕਾ** ਨੂੰ ਪਾਬੰਦ ਕਰਨ ਕਿ **ਰਜਿਸਟ੍ਰੇਸ਼ਨ ਜਲਦੀ ਤੋਂ ਜਲਦੀ ਕਰਨੀ** ਯਕੀਨੀ ਬਣਾਈ ਜਾਵੇ। ਇਸ ਸਬੰਧੀ ਕੁੱਝ ਜ਼ਰੂਰੀ ਹਦਾਇਤਾ ਹੇਠ ਲਿਖੇ ਅਨੁਸਾਰ ਹਨ। ਵਿਭਾਗ ਦਾ ਪੱਤਰ ਨਾਲ ਨੱਥੀ ਹੈ।

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਬਠਿੰਡਾ।

ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ
ਛੇਵੀਂ ਮੰਜਿਲ, ਪਲਾਟ ਨੰ. ਪੰਜਾਬ ਸਕੂਲ ਸਿੱਖਿਆ ਬੋਰਡ ਕੰਪ. ਫੇਜ਼ 8
ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੁਹਾਲੀ) ਫੋਨ ਨੰਬਰ 0172 2212221

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈਸਿ),
ਸਮੂਹ ਜ਼ਿਲ੍ਹਾ ਨੋਡਲ ਅਫਸਰ (Inspire Award),
ਸਮੂਹ ਸਕੂਲ ਮੁੱਖੀ (ਮਿਡਲ/ਹਾਈ/ਸੈਕੰਡਰੀ),
ਪੰਜਾਬ।

ਮੈਮੋ ਨੰ: SCERT-TR202/13/2020-EXAM-Part(1) 382641/
ਮਿਤੀ: ਸਾਹਿਬਜ਼ਾਦਾ ਅਜੀਤ ਸਿੰਘ ਨਗਰ, [illegible]9-06-2025

**ਵਿਸ਼ਾ:- ਸਾਲ 2025-26 ਲਈ INSPIRE Awards -MANAK ਸਕੀਮ ਅਧੀਨ ਆਨਲਾਈਨ ਨੋਮੀਨੇਸ਼ਨਜ਼ ਭੇਜਣ ਸੰਬੰਧੀ।**

ਹਵਾਲਾ:- Ministry of Science and Technology, Department of Science and Technology, Govt. of India, New Delhi ਵੱਲੋਂ ਪ੍ਰਾਪਤ F.No. DST/S&TCB/INSPIRE-MANAK/NOMINATIONS/ 2025-26 Dated: 29th May, 2025 ਦੇ ਸੰਬੰਧ ਵਿੱਚ।

1.0 ਉਕਤ ਵਿਸ਼ੇ ਅਤੇ ਹਵਾਲਾ ਅਧੀਨ ਪੱਤਰ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ INSPIRE Awards-MANAK Scheme ਭਾਰਤ ਸਰਕਾਰ (GoI) ਦੀ ਇੱਕ ਪ੍ਰਮੁੱਖ ਯੋਜਨਾ ਹੈ, ਜੋ ਕਿ ਵਿਗਿਆਨ ਅਤੇ ਤਕਨਾਲੋਜੀ ਵਿਭਾਗ (DST) ਅਤੇ ਨੈਸ਼ਨਲ ਇਨੋਵੇਸ਼ਨ ਫਾਊਂਡੇਸ਼ਨ (NIF)-India ਦੁਆਰਾ ਸਾਂਝੇ ਤੌਰ 'ਤੇ ਲਾਗੂ ਕੀਤੀ ਜਾਂਦੀ ਹੈ।

2.0 ਇਸ ਸਕੀਮ ਦਾ ਮੁੱਖ ਉਦੇਸ਼ 6ਵੀਂ ਤੋਂ 12ਵੀਂ ਜਮਾਤਾਂ ਦੇ ਸਕੂਲੀ ਵਿਦਿਆਰਥੀਆਂ ਦੇ ਵਿਗਿਆਨ ਅਤੇ ਤਕਨਾਲੋਜੀ ਅਧਾਰਿਤ ਵਿਚਾਰਾਂ ਅਤੇ ਨਵੀਨਤਾਵਾਂ ਨੂੰ ਉਤਸ਼ਾਹਿਤ ਕਰਨਾ ਹੈ।

3.0 ਇਸ ਸਕੀਮ ਅਧੀਨ ਹਰ ਸਾਲ, ਸਕੂਲੀ ਵਿਦਿਆਰਥੀਆਂ ਦੁਆਰਾ ਪੇਸ਼ ਕੀਤੇ ਗਏ ਵਿਚਾਰ/ਨਵੀਨਤਾਵਾਂ ਨੂੰ DST & NIF ਦੇ ਐਕਸਪਰਟਸ ਦੁਆਰਾ ਸ਼ਾਰਟਲਿਸਟ ਕੀਤਾ ਜਾਂਦਾ ਹੈ।

4.0 DST & NIF ਅਤੇ ਰਾਜਾਂ ਦੇ ਐਕਸਪਰਟਸ ਦੁਆਰਾ ਸ਼ਾਰਟਲਿਸਟ ਕੀਤੇ ਗਏ ਵਿਚਾਰਾਂ ਦਾ ਵੱਖ-ਵੱਖ ਪੱਧਰਾਂ (ਜ਼ਿਲ੍ਹਾ, ਰਾਜ ਅਤੇ ਨੈਸ਼ਨਲ ਪੱਧਰ) 'ਤੇ ਪ੍ਰਦਰਸ਼ਨੀਆਂ ਰਾਹੀਂ ਮੁਲਾਂਕਣ ਕੀਤਾ ਜਾਂਦਾ ਹੈ। ਜਿਹਨਾਂ ਵਿੱਚੋਂ ਸਭ ਤੋਂ ਵਧੀਆ 60 ਵਿਚਾਰਾਂ ਨੂੰ ਨੈਸ਼ਨਲ ਪੱਧਰ ਤੇ ਇਨਾਮ ਦਿੱਤੇ ਜਾਂਦੇ ਹਨ।

5.0 ਸਾਲ 2025-26 ਲਈ INSPIRE Awards Scheme ਅਧੀਨ ਮਿਤੀ 15 ਜੂਨ, 2025 ਤੋਂ 15 ਸਤੰਬਰ, 2025 ਤੱਕ www.inspireawards-dst.gov.in ਲਿੰਕ ਦੀ ਵਰਤੋਂ ਕਰਦੇ ਹੋਏ E Management of INSPIRE-MANAK Scheme (E-MIAS) ਵੈੱਬ ਪੋਰਟਲ ਤੇ ਹਰੇਕ ਸਕੂਲ ਦੁਆਰਾ ਆਨਲਾਈਨ ਨਾਮੀਨੇਸ਼ਨਜ਼ ਭੇਜੀਆਂ ਜਾਣ।

6.0 ਹਰੇਕ ਸਕੂਲ ਵੱਲੋਂ ਇਸ ਸਕੀਮ ਅਧੀਨ ਕਲਾਸ 6ਵੀਂ ਤੋਂ 12ਵੀਂ ਵਿੱਚ ਪੜਦੇ ਵਿਦਿਆਰਥੀਆਂ ਦੀਆਂ ਵੱਧ ਤੋਂ ਵੱਧ ਸਭ ਤੋਂ ਵਧੀਆ 5 original ideas/innovations ਆਨਲਾਈਨ ਨਾਮਜ਼ਦ ਕੀਤੀਆਂ ਜਾਣ।

7.0 ਸਕੂਲਾਂ ਵੱਲੋ ਵਧੀਆ ਖ਼ਾਸ ਤਕਨੀਕੀ ideas/innovations ਦੀ ਖੋਜ ਕਰਨ ਲਈ ਹੇਠਾਂ ਲਿਖੇ ਐਕਸ਼ਨ ਪੁਆਇੰਟਸ ਦੀ ਪਾਲਣਾ ਕੀਤੀ ਜਾ ਸਕਦੀ ਹੈ :

1. **Announcement** : ਸਕੂਲਾਂ ਵੱਲੋ ਸਕੂਲ ਸਵੇਰ ਦੀ ਸਭਾ ਦੌਰਾਨ, ਨੋਟਿਸ ਬੋਰਡ ਆਦਿ ਰਾਹੀ 6ਵੀ ਤੇ 12ਵੀ ਜਮਾਤਾਂ ਦੇ ਵਿਦਿਆਰਥੀਆਂ ਨਾਲ ਤਕਨੀਕੀ ਖੋਜ ਮੁਕਾਬਲਿਆਂ ਬਾਰੇ ਵੇਰਵੇ ਸਾਂਝੇ ਕੀਤੇ ਜਾਣ ਤਾਂ ਜੋ ਵਿਦਿਆਰਥੀ ਨਵੀਆਂ ਖੋਜਾਂ ਬਾਰੇ ਸੋਚ ਸਕੇ।
2. **Idea Generation:** ਅਧਿਆਪਕ ਦੁਆਰਾ ਵਿਦਿਆਰਥੀਆਂ ਨੂੰ ਵੱਖ-ਵੱਖ ਉਦਾਹਰਨਾਂ ਦੇਕੇ ਨਵੀਆਂ ਖੋਜਾਂ ਬਾਰੇ ਸੋਚਣ ਲਈ ਉਤਸ਼ਾਹਿਤ ਕਰੇ ਅਤੇ ਵਿਦਿਆਰਥੀਆਂ ਨੂੰ ਦੱਸੇ ਕਿ ਉਹਨਾਂ ਦੇ ਵਿਚਾਰ ਉਹਨਾਂ ਦਾ ਹੀ ਕੰਮ ਹੋਵੇਗਾ। ਅਧਿਆਪਕ ਦੁਆਰਾ ਵਿਦਿਆਰਥੀਆਂ ਨੂੰ "Abhinav Kahaniya" ਜਿਵੇਂ Comic book, (ਡਾਊਨਲੋਡ ਲਈ ਲਿੰਕ ਹੇਠ ਦਿੱਤੇ ਗਏ ਹਨ) ਜੋ ਕਿ ਨਵੀਆਂ ਖੋਜਾਂ ਤੇ ਅਧਾਰਿਤ ਹੈ ਨੂੰ ਪੜਨ ਲਈ ਵੀ ਪ੍ਰੇਰਿਤ ਕਰੇ।
3. **Summer Break Assignment:** ਗਰਮੀਆਂ ਦੀਆ ਛੁੱਟੀਆ ਦੌਰਾਨ ਜੇਕਰ ਕਿਸੇ ਵਿਦਿਆਰਥੀ/ਅਧਿਆਪਕ ਵੱਲੋ ਕਿਸੇ ਨਵੀ ਦਿੱਕਤ ਦਾ ਸਾਹਮਣਾ ਕੀਤਾ ਹੋਵੇ ਅਤੇ ਉਸ ਦਾ ਹੱਲ ਕੀਤਾ ਹੋਵੇ ਜਾ ਹੱਲ ਦਾ ਕੋਈ ਨਵਾਂ ਤਰੀਕਾ ਵਰਤਿਆ ਹੋਵੇ,ਬਾਰੇ ਵਿਦਿਆਰਥੀਆ/ਅਧਿਆਪਕਾਂ ਵਿਚਕਾਰ ਸਾਂਝਾ ਕੀਤਾ ਜਾਵੇ।
4. **Idea Box:** ਹਰੇਕ ਸਕੂਲਾਂ ਵਿੱਚ ਇੱਕ ਆਈਡੀਆ ਬਾਕਸ ਲਗਾਇਆ ਜਾਵੇ। ਹਰੇਕ ਅਧਿਆਪਕ ਵੱਲੋ ਵਿਦਿਆਰਥੀਆਂ ਨੂੰ ਆਪਣੇ ideas/innovations ਬਾਰੇ ਸੰਖੇਪ ਵਿੱਚ ਲਿਖ ਕੇ ਆਈਡੀਆ ਬਾਕਸ ਵਿੱਚ ਪਾਉਣ ਲਈ ਉਤਸਾਹਿਤ ਕੀਤਾ ਜਾਵੇ।
5. **Selection of Ideas/Innovations:** ਅਧਿਆਪਕ ਗਰਮੀਆਂ ਦੀਆ ਛੁੱਟੀਆ ਬਾਅਦ ਸਕੂਲਾਂ ਵਿੱਚ ਖੋਜ ਮੁਕਾਬਲੇ ਕਰਵਾਉਣ ਅਤੇ ਵਿਦਿਆਰਥੀਆ ਦੁਆਰਾ Idea Box ਵਿੱਚ ਇਕੱਠੇ ਕੀਤੇ ideas/innovations ਵਿੱਚੋਂ novelty, social relevance, potential impact, and scalability ਤੇ ਅਧਾਰਿਤ ਸਭ ਤੋਂ ਵਧੀਆ 5 original ideas/innovations ਦੀ ਚੋਣ ਕੀਤੀ ਜਾਵੇ। ਅਧਿਆਪਕ ਇਸ ਕੰਮ ਲਈ "*Teachers Handbook for nurturing Students Ideas/Innovations*" (ਡਾਊਨਲੋਡ ਲਈ ਲਿੰਕ ਹੇਠ ਦਿੱਤੇ ਗਏ ਹਨ) ਦੀ ਵਰਤੋ ਵੀ ਕਰ ਸਕਦੇ ਹਨ।
6. **U-DISE Code Verification (Mandatory):** INSPIRE Awards-MANAK ਵਿੱਚ ਭਾਗ ਲੈਣ ਲਈ, ਸਕੂਲ ਦਾ U-DISE ਕੋਡ ਅੱਪਡੇਟ ਕਰਨਾ ਜਰੂਰੀ ਹੈ। ਵੈੱਬ ਪੋਰਟਲ ਤੇ ਸਕੂਲ ਦਾ U-DISE Code ਜਰੂਰੀ ਹੈ।
7. **Registration of New Schools:** ਵੈੱਬ ਪੋਰਟਲ ਤੇ ਸਕੂਲ ਦਾ U-DISE Code ਨਾ ਹੋਣ ਦੀ ਸੂਰਤ ਵਿੱਚ ਪੋਰਟਲ ਤੇ ਪਹਿਲਾ ਸਕੂਲ ਰਜਿਸਟਰਡ ਕੀਤਾ ਜਾਵੇ।
8. **Students Account:** ਸਕੂਲ ਵਿੱਚੋ ਜਿਹਨਾ ਵਿਦਿਆਰਥੀਆ ਦੇ ਸਭ ਤੇ ਵਧੀਆ 5 original ideas/innovations ਦੀ ਚੋਣ ਕੀਤੀ ਗਈ ਹੈ, ਉਹਨਾ ਵਿਦਿਆਰਥੀਆਂ ਦੇ ਸਹੀ ਚਾਲੂ ਬੈਂਕ ਖਾਤੇ ਹੋਣੇ ਯਕੀਨੀ ਬਣਾਏ ਜਾਣ।
9. **Nominations:** ਸਭ ਤੋਂ ਵਧੀਆ 5 original ideas/innovations ਵੈੱਬ ਪੋਰਟਲ ਤੇ ਅਪਲੋਡ ਕਰਦੇ ਸਮੇ ਹਰੇਕ ਵਿਦਿਆਰਥੀ ਦਾ ਨਾਂ ਬੈਂਕ ਖਾਤੇ ਨਾਲ ਮੇਲ ਖਾਂਦਾ ਹੋਵੇ, ਬੈਂਕ ਖਾਤਾ ਨੰਬਰ ਅਤੇ IFSC code ਸਹੀ ਹਨ, ਚੈੱਕ ਕਰ ਲਿਆ ਜਾਵੇ।

10. **Forwarding Nominations:** ਸਭ ਤੋਂ ਵਧੀਆ 5 original ideas/innovations ਵੈੱਬ ਪੋਰਟਲ ਤੇ ਅਪਲੋਡ ਕਰਨ ਤੇ ਬਾਅਦ ਜਿਲ੍ਹਾ ਪੱਧਰ ਤੇ ਭੇਜੀਆ ਜਾਣ ਅਤੇ ਰਿਕਾਰਡ ਲਈ ਰਸੀਦ ਜਰੂਰ ਡਾਊਨਲੋਡ ਕਰ ਲਈ ਜਾਵੇ।

**Link to download the above mentioned books:**

1. https://inspireawards-dst.gov.in/download/others/Abhinav-Kahaniya-Hindi.pdf
2. https://inspireawards-dst.gov.in/download/others/Abhinav-Kahaniya-English.pdf
3. https://inspireawards-dst.gov.in/download/others/Teachers-Handbook-for-nurturing-students-English.pdf
4. https://inspireawards-dst.gov.in/download/others/Teachers-Handbook-nurturing-Hindi.pdf

8.0 ਇਸ ਸਕੀਮ ਅਧੀਨ ਜਾਪਾਨ ਵਿਗਿਆਨ ਅਤੇ ਤਕਨਾਲੋਜੀ ਏਜੰਸੀ (JST) ਦੇ SAKURA SCIENCE HIGH SCHOOL PROGRAM (SSHP) ਅਧੀਨ MANAK ਪ੍ਰੋਗਰਾਮ ਦੇ ਨੈਸ਼ਨਲ ਜੇਤੂ ਵਿਦਿਆਰਥੀਆਂ ਨੂੰ ਜਾਪਾਨ ਦਾ ਦੌਰਾ ਕਰਨ ਲਈ ਵੀ ਮੌਕਾ ਦਿੱਤਾ ਜਾਂਦਾ ਹੈ।

9.0 ਸਕੂਲਾਂ ਵੱਲੋਂ ਭੇਜੀਆਂ ਜਾਣ ਵਾਲੀਆਂ ਸਾਰੀਆਂ ਨਾਮੀਨੇਸ਼ਨਜ਼ ਮਿਤੀ 15 ਸਤੰਬਰ, 2025 ਤੋਂ ਪਹਿਲਾਂ-ਪਹਿਲਾਂ ਭੇਜੀਆਂ ਜਾਣ ਤਾਂ ਜੋ ਆਖਰੀ ਮਿਤੀਆਂ ਦੌਰਾਨ ਪੋਰਟਲ/ਸਾਈਟ ਤੇ ਲੋਡ ਹੋਣ ਕਾਰਨ ਨਾਮੀਨੇਸ਼ਨਜ਼ ਭੇਜਣ ਸੰਬੰਧੀ ਕੋਈ ਦਿੱਕਤ ਪੇਸ਼ ਨਾ ਆ ਸਕੇ।

10.0 ਆਪ ਵੱਲੋਂ ਆਪਣੇ ਅਧੀਨ ਪੈਂਦੇ ਸਾਰੇ ਸਰਕਾਰੀ, ਅਰਧ ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਵਿੱਚ ਕਲਾਸ ਛੇਵੀਂ ਤੋਂ ਬਾਰਵੀਂ ਤੱਕ ਪੜਦੇ ਵਿਦਿਆਰਥੀਆਂ ਦੀਆ INSPIRE Awards-MANAK Scheme ਅਧੀਨ ਮਿਤੀ 15 ਜੂਨ, 2025 ਤੋਂ 15 ਸਤੰਬਰ, 2025 ਤੱਕ ਨਾਮੀਨੇਸ਼ਨਜ਼ ਭੇਜਣ ਲਈ ਹਦਾਇਤ ਕੀਤੀ ਜਾਵੇ। ਇਸ ਸਕੀਮ ਅਧੀਨ ਆਪਣੇ ਜ਼ਿਲ੍ਹੇ ਦੇ ਵੱਧ ਤੋਂ ਵੱਧ ਵਿਦਿਆਰਥੀਆਂ ਦੀਆਂ ਨਾਮੀਨੇਸ਼ਨਜ਼ ਭੇਜੀਆਂ ਜਾਣ।

ਡਾਇਰੈਕਟਰ,
ਐਸ.ਸੀ.ਈ.ਆਰ.ਟੀ,ਪੰਜਾਬ

ਪਿੱਠ ਅੰਕਣ ਨੰ:-ਉਕਤ [illegible] ਮਿਤੀ:ਸਾਹਿਬਜ਼ਾਦਾ ਅਜੀਤ ਸਿੰਘ ਨਗਰ,[illegible]-06-2025

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ :

1. ਪੀ.ਏ.ਟੂ ਸਕੱਤਰ ਸਕੂਲ ਸਿੱਖਿਆ, ਪੰਜਾਬ।
2. ਪੀ.ਏ.ਟੂ ਸਪੈਸ਼ਲ ਸਕੱਤਰ ਸਕੂਲ ਸਿੱਖਿਆ, ਪੰਜਾਬ।
3. ਪੀ.ਏ.ਟੂ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ
4. ਪੀ.ਏ. ਟੂ ਡਾਇਰੈਕਟੋਰੇਟ ਆਫ ਸਕੂਲ ਐਜੂਕੇਸ਼ਨ (ਸੈਸਿੰ), ਪੰਜਾਬ।

ਡਾਇਰੈਕਟਰ
ਐਸ.ਸੀ.ਈ.ਆਰ.ਟੀ.,ਪੰਜਾਬ